C-15

# ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ

(ਅਮਲਾ ਸਾਖਾ)

ਏ-8

ਨੰਬਰ: 56-163 /ਅਮਲਾ/ਏ-8
ਮਿਤੀ: 05/1/2021

ਮੁਖੀ ਸਾਹਿਬਾਨ, ਸਮੂਹ ਟੀਚਿੰਗ/
ਨਾਨ-ਟੀਚਿੰਗ ਵਿਭਾਗ/ਸ਼ਾਖਾਵਾਂ/ਦਫ਼ਤਰ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

**ਵਿਸ਼ਾ : ਯੂਨੀਵਰਸਿਟੀ ਕੈਂਪਸ ਵਿਖੇ ਰਿਹਾਇਸ਼ੀ ਅਲਾਟਮੈਂਟ ਲਈ ਸਾਲ 2021 ਦੀ ਸੀਨੀਆਰਤਾ ਸੂਚੀ ਵਿਚ ਨਾਮ ਦਰਜ ਕਰਨ ਲਈ ਆਪਸ਼ਨ ਭੇਜਣ ਸਬੰਧੀ।**

ਮੈਡਮ/ਸ਼੍ਰੀਮਾਨ ਜੀ,

ਸਮਰੱਥ ਅਧਿਕਾਰੀ ਜੀ ਵਲੋਂ ਹੋਏ ਆਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਲੰਡਰ 2020 ਵਾਲਿਯੂਮ IV ਦੇ ਪੰਨਾ 250-254 ਉਤੇ ਦਰਜ ਰੈਗੁਪਲੇਸ਼ਨ (vii) ALLOTMENT OF RESIDENTIAL ACCOMMODATION ਅਧੀਨ subclause 1(viii)(a) ਦੇ ਮੱਦੇਨਜ਼ਰ ਯੂਨੀਵਰਸਿਟੀ ਦੇ ਸਮੂੰਹ ਰੈਗੂਲਰ ਅਧਿਆਪਕ/ਅਧਿਕਾਰੀ/ਕਰਮਚਾਰੀ ਜੋ ਕਿ ਯੂਨੀਵਰਸਿਟੀ ਵਿਖੇ ਮਕਾਨ ਲੈਣ ਲਈ ਸਾਲ 2021 ਦੀ ਘਰਾਂ ਦੀ ਸੀਨੀਆਰਤਾ ਸੂਚੀ ਵਿਚ ਆਪਣਾ ਨਾਮ ਦਰਜ ਕਰਵਾਉਣਾ ਚਾਹੁੰਦੇ ਹਨ ਪਾਸੋਂ ਉਹਨਾਂ ਦੀ ਆਪਸ਼ਨ ਲੈਣ ਲਈ ਫੈਸਲਾ ਕੀਤਾ ਗਿਆ ਹੈ। ਆਪਸ਼ਨ ਲੈਣ ਸਬੰਧੀ ਨਿਯਮ ਹੇਠ ਲਿਖੇ ਅਨੁਸਾਰ ਹਨ:

"1(viii)(a) That every year in the month of January, the consent of the employees may be obtained for allotment of University accommodation. The consent so given will be valid for one year. Such consents will be obtained from double the number of eligible employees to the number of houses likely to fall vacant during the year."

ਜਿਹੜੇ ਅਧਿਆਪਕ/ਅਧਿਕਾਰੀ/ਕਰਮਚਾਰੀ ਯੂਨੀਵਰਸਿਟੀ ਕੈਂਪਸ ਵਿਖੇ ਪਹਿਲਾਂ ਤੋਂ ਹੀ ਰਹਿ ਰਹੇ ਹਨ ਉਹਨਾਂ ਨੂੰ ਸਾਲ 2021 ਦੀ ਸੀਨੀਆਰਤਾ ਸੂਚੀ ਲਈ ਨਿਯਮਾਂ ਅਨੁਸਾਰ ਬਣਦੀ ਉਚੇਰੀ ਸ੍ਰੇਣੀ ਦੀ ਯੋਗਤਾ ਅਨੁਸਾਰ ਦਫ਼ਤਰ ਵੱਲੋਂ ਹੀ ਵਿਚਾਰ ਲਿਆ ਜਾਵੇਗਾ, ਉਕਤ ਅਧਿਆਪਕਾਂ/ਅਧਿਕਾਰੀਆਂ/ਕਰਮਚਾਰੀਆਂ ਨੂੰ ਵੱਖਰੇ ਤੌਰ ਤੇ ਆਪਸ਼ਨ ਭੇਜਣ ਦੀ ਜ਼ਰੂਰਤ ਨਹੀਂ ਹੈ। ਯੂਨੀਵਰਸਿਟੀ ਵਿੱਚ ਰਿਹਾਇਸ਼ੀ ਅਲਾਟਮੈਂਟ ਦੇ ਉਦੇਸ਼ਾਂ ਲਈ, ਕਰਮਚਾਰੀਆਂ ਨੂੰ ਮਿਤੀ 01.01.2016 ਦੀ ਸਥਿਤੀ ਅਨੁਸਾਰ ਉਹਨਾਂ ਦੀਆਂ ਮੁਢੱਲੀ ਤਨਖਾਹਾਂ ਦੇ ਅਧਾਰ ਤੇ ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ :

| Type of House | Pay slab |
|---|---|
| Type 'A' | Revised Pay + AGP Rs. 37400-67000+AGP 10,000 & Above |
| Type 'B' | Revised Pay + AGP Rs. 15600-39100+AGP 8000/- & above<br>OR<br>15600-39100+7600 GP & above |
| Type 'C' /Teacher Flats (Three rooms set)/ Teacher Flat (Two Rooms set) | Revised Pay +AGP Rs. 15600-39100+AGP 6000/- & above<br>OR Revised Pay +GP Rs. 15600-39100 +GP 5400/-= Basic Pay + Special Pay & above |
| TYPE 'ND'/ Residential Flat/ Teacher Flats (Flats no. 45,47 and 49 earmarked for Non-Teaching Employees Only)<br>➢ **(ਉਪਰੋਕਤ ND, TF ਅਤੇ RF ਤਿੰਨਾਂ ਕੈਟਾਗਰੀ ਦੇ ਘਰਾਂ ਦੀ Common Seniority ਬਣੇਗੀ)** | Revised Pay + GP Rs. 10300-34800+GP 4400/-= Basic Pay + Special Pay & above |
| TYPE 'D' | Revised Pay + GP Rs. 10300-34800+ GP 3200/- = Basis Pay + Special Pay & above<br>OR<br>Revised Pay + GP Rs. 5910-20200+GP. 1900/- = Basic Pay + Special Pay |
| Type 'NE' | NE shall be allotted only to those occupants of 'E' type houses who have resided in the E type houses for a period of at least two years. |
| Type 'E' | Revised Pay + GP Rs. 4900-10680+GP 1650/- = Basic Pay + Special Pay & above |

2-1

| | |
|---|---|
| Type F (Farm House)<br>a) Farm supervisor | Revised Pay + GP Rs. 5910-20200+GP 2400/- = Basic Pay + Special Pay & above |
| b) Beldar | Revised Pay +GP Rs. 4900-10680+GP 1650/- = Basic Pay+ Special Pay & above |

ਰਿਹਾਇਸ਼ੀ ਅਲਾਟਮੈਂਟ ਲਈ ਸਾਲ 2021 ਦੀ ਸੀਨੀਆਰਤਾ ਸੂਚੀ ਵਿਚ ਨਾਮ ਦਰਜ ਕਰਵਾਉਣ ਲਈ ਉਪਰੋਕਤ ਅਨੁਸਾਰ Eligibility Condition ਮੁਤਾਬਕ ਨਾਲ ਨੱਥੀ ਪ੍ਰਫਾਰਮੇ ਤੇ **ਮਿਤੀ 15.01.2021 ਤੱਕ ਯੋਗ ਪ੍ਰਣਾਲੀ ਰਾਹੀਂ ਆਪਣੀ ਆਪਸ਼ਨ ਦਫ਼ਤਰ ਨੂੰ ਭੇਜੀ ਜਾਵੇ** । ਨਿਰਧਾਰਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੇ ਆਪਸ਼ਨਜ਼ ਪ੍ਰੋਫਾਰਮੇ ਤੇ ਕੋਈ ਵਿਚਾਰ ਨਹੀਂ ਕੀਤੀ ਜਾਵੇਗੀ।

**Important Notes:**

1. ਅਧਿਆਪਕ/ਅਧਿਕਾਰੀ/ਕਰਮਚਾਰੀ ਜਿੰਨ੍ਹਾ ਨੂੰ ਉਚੇਰੀ ਸ਼੍ਰੇਣੀ ਦੇ ਘਰਾਂ ਦੀ ਅਲਾਟਮੈਂਟ ਤੋਂ ਪਹਿਲਾ ਹੀ ਡੀਬਾਰ ਕੀਤਾ ਹੋਇਆ ਹੈ ਉਹ ਅਲਾਟਮੈਂਟ ਦੀ Higher category ਵਾਸਤੇ ਆਪਸ਼ਨ ਨਾ ਭੇਜਣ।

2. ਰਿਹਾਇਸ਼ੀ ਅਲਾਟਮੈਂਟ ਦੇ ਉਦੇਸ਼ਾਂ ਲਈ ਸਾਲ 2021 ਦੀ ਸੀਨੀਆਰਤਾ ਸੂਚੀ ਯੂਨੀਵਰਸਿਟੀ ਕੈਲੰਡਰ ਵਿਚ ਮੌਜੂਦ ਹਾਊਸ ਅਲਾਟਮੈਂਟ ਦੇ ਨਿਯਮਾਂ ਅਧੀਨ ਤਿਆਰ ਕੀਤੀ ਜਾਵੇਗੀ।

3. ਆਪਸ਼ਨ ਭੇਜਣ ਦੀ ਆਖਰੀ ਮਿਤੀ 15.01.2021 ਤੋਂ ਬਾਅਦ ਕੈਲੰਡਰ ਸਾਲ 2021 ਦੌਰਾਨ ਰਿਹਾਇਸ਼ੀ ਅਲਾਟਮੈਂਟ ਲਈ ਸੀਨੀਅਰਤਾ ਸੂਚੀ ਵਿਚ ਨਾਮ ਦਰਜ ਕਰਾਉਣ ਵਾਸਤੇ ਉਕਤ ਆਪਸ਼ਨ ਤੋਂ ਬਾਅਦ ਕੋਈ ਹੋਰ ਬਿਨੈ-ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ।

4. ਕੈਂਪਸ ਤੋਂ ਬਾਹਰ ਰਹਿ ਰਹੇ ਅਧਿਆਪਕ/ਅਧਿਕਾਰੀ/ਕਰਮਚਾਰੀ ਜਿੰਨ੍ਹਾਂ ਵੱਲੋਂ ਸਾਲ 2020 ਵਿਚ ਕੈਂਪਸ ਵਿਖੇ ਅਲਾਟਮੈਂਟ ਲਈ ਬਿਨੈ-ਪੱਤਰ ਦਿੱਤਾ ਗਿਆ ਸੀ, ਜੇਕਰ ਉਨ੍ਹਾਂ ਨੂੰ ਅਜੇ ਤੱਕ ਅਲਾਟਮੈਂਟ ਨਹੀਂ ਹੋਈ ਹੈ ਤਾਂ ਉਨ੍ਹਾਂ ਨੂੰ ਸਾਲ 2021 ਦੀ ਘਰਾਂ ਦੀ ਸੀਨੀਅਰਤਾ ਸੂਚੀ ਵਿਚ ਨਾਮ ਦਰਜ ਕਰਵਾਉਣ ਲਈ ਨਵੇਂ ਸਿਰੇ ਤੋਂ ਬਿਨੈ-ਪੱਤਰ ਭੇਜਣਾ ਹੋਵੇਗਾ। ਮਿਥੇ ਸਮੇਂ ਵਿਚ ਬੇਨਤੀ ਪੱਤਰ ਭੇਜਣ ਤੇ ਹੀ ਉਨ੍ਹਾਂ ਦਾ ਨਾਮ ਸਾਲ 2021 ਦੀ ਘਰਾਂ ਦੀ ਸੀਨੀਆਰਤਾ ਸੂਚੀ ਵਿਚ ਦਰਜ ਕੀਤਾ ਜਾਵੇਗਾ।

5. ਯੂਨੀਵਰਸਿਟੀ ਕੈਂਪਸ ਤੋਂ ਬਾਹਰ ਰਹਿ ਰਹੇ ਅਧਿਆਪਕਾਂ/ਅਧਿਕਾਰੀਆਂ/ਕਰਮਚਾਰੀਆਂ ਵਲੋਂ ਕੈਂਪਸ ਵਿਖੇ ਮਕਾਨ/ਫਲੈਟ ਆਦਿ ਲੈਣ ਲਈ ਦਿੱਤੀ ਆਪਸ਼ਨ ਤੋਂ ਬਾਅਦ ਜੇਕਰ ਸਬੰਧਤ ਵਲੋਂ ਮਕਾਨ/ਫਲੈਟ ਆਦਿ ਅਲਾਟ ਹੋਣ ਤੇ ਮਕਾਨ ਦਾ ਕਬਜਾ ਲੈਣ ਤੋਂ ਇਨਕਾਰ ਕੀਤਾ ਜਾਂਦਾ ਹੈ ਤਾਂ ਯੂਨੀਵਰਸਿਟੀ ਕੈਲੰਡਰ ਵਿਚ ਦਰਜ ਹੇਠ ਲਿਖੇ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ:

   GNDU Calendar 2020 Volume IV Page 258 Regulation 7(ii)

   "7(ii) If a University employee gives his option for allotment of a house at the University campus and thereupon he is allotted a house, but when the allotment order is issued to him, he declines to occupy the house, he shall not be paid house rent allowance for a period of one month reckoned from the date on which his letter declining to occupy the house is received in the Registrar's Office."

**ਹਾਊਸ ਅਲਾਟਮੈਂਟ ਲਈ ਆਪਸ਼ਨ ਭੇਜਣ ਦੀ ਆਖਰੀ ਮਿਤੀ 15.01.2021 ਹੈ।**

ਸਹਾਇਕ ਰਜਿਸਟਰਾਰ(ਅਮਲਾ)
ਵਾਸਤੇ ਰਜਿਸਟਰਾਰ

ਪਿਠ ਅੰਕਣ 164-664ਅਮਲਾ/ਏ-8

ਮਿਤੀ 05/1/2021

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

01. ਹਾਊਸ ਅਲਾਟਮੈਂਟ ਕਮੇਟੀ ਦੇ ਸਮੂੰਹ ਮੈਂਬਰ ਸਾਹਿਬਾਨ।
02. ਨਿੱਜੀ ਸਹਾਇਕ- ਉਪ-ਕੁਲਪਤੀ ਜੀ
03. ਨਿੱਜੀ ਸਹਾਇਕ-ਡੀਨ ਵਿਦਿਅਕ ਮਾਮਲੇ
04. ਨਿੱਜੀ ਸਹਾਇਕ-ਡੀਨ ਵਿਦਿਆਰਥੀ ਭਲਾਈ
05. ਨਿੱਜੀ ਸਹਾਇਕ- ਰਜਿਸਟਰਾਰ
06. ਨਿੱਜੀ ਸਹਾਇਕ ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ)
07. ਨਿੱਜੀ ਸਹਾਇਕ ਡਿਪਟੀ ਰਜਿਸਟਰਾਰ (ਵਿੱਤ)
08. ਸਮੂਹ ਨਵਾਸੀ A/B/C/TF/RF/ND/ D/NE/E/Type 'F'(Farm House)/Health Centre Houses

5.1.2021

ਸਹਾਇਕ-ਰਜਿਸਟਰਾਰ(ਅਮਲਾ)
ਵਾਸਤੇ ਰਜਿਸਟਰਾਰ

ਨੱਥੀ : ਪ੍ਰੋਫਾਰਮਾ

## ਯੂਨੀਵਰਸਿਟੀ ਕੈਂਪਸ ਵਿਚ ਰਿਹਾਇਸ਼ੀ ਅਲਾਟਮੈਂਟ ਲਈ ਸਾਲ 2021 ਦੀ ਸੀਨੀਆਰਤਾ ਸੂਚੀ ਵਿਚ ਨਾਮ ਦਰਜ ਕਰਵਾਉਣ ਲਈ ਆਪਸ਼ਨ ਪ੍ਰਫਾਰਮਾ

ਯੂਨੀਵਰਸਿਟੀ ਕੈਂਪਸ ਵਿਖੇ A/B/C/TF(3-Room)/TF(2-Room)/RF/ND/D/NE/ E Type/Type-F (Farm House) ਆਦਿ ਘਰ ਅਲਾਟ ਕਰਨ ਲਈ ਸਾਲ 2021 ਦੀ ਸੀਨੀਆਰਤਾ ਸੂਚੀ ਵਿੱਚ ਨਾਮ ਦਰਜ ਕਰਵਾਉਣ ਲਈ ਬਿਨੈ-ਪੱਤਰ। (ਰੈਗੂਲਰ ਅਧਿਆਪਕ/ਅਧਿਕਾਰੀ ਕਰਮਚਾਰੀ ਹੀ ਫਾਰਮ ਭਰਨ) :

01. ਜਿਸ ਟਾਈਪ ਦੇ ਘਰ ਵਿਚ ਨਾਂ ਦਰਜ ਕਰਵਾਉਣਾ ਹੈ (ਸਪੱਸ਼ਟ ਤੌਰ ਤੇ ਲਿਖਿਆ ਜਾਵੇ। : ________________

02. ਨਾਂ : ________________

03. ਪਿਤਾ ਦਾ ਨਾਂ : ________________

________________

04. ਅਹੁਦਾ : ________________

05. ਵਿਭਾਗ/ਸ਼ਾਖਾ/ਦਫ਼ਤਰ ________________

06. ਯੂਨੀਵਰਸਿਟੀ ਵਿਖੇ ਰੈਗੂਲਰ ਤੌਰ ਤੇ ਸਰਵਿਸ ਜੁਆਇੰਨ ਕਰਨ ਦੀ ਮਿਤੀ : ________________

07. ਜਨਮ ਮਿਤੀ ________________

08. ਜੇਕਰ ਬਿਨੈਕਾਰ, ਪਤੀ ਜਾ ਪਤਨੀ ਦੇ ਨਾਲ ਰਹਿ ਰਿਹਾ ਹੈ ਤਾ ਜਿਸ ਨੂੰ ਮੌਜੂਦਾ ਸਮੇਂ ਵਿਚ ਯੂਨੀਵਰਸਿਟੀ ਵਿਚ ਘਰ ਅਲਾਟ ਹੈ ਦਾ ਨੰਬਰ : ________________

09. ਮੁੱਢਲੀ ਤਨਖਾਹ (ਬੇਸਿਕ +ਗ੍ਰੇਡ ਪੇਅ) : ________________

10. ਮੋਬਾਇਲ ਨੰਬਰ : ________________

ਮੈ ਇਹ ਤਸਦੀਕ ਕਰਦਾ ਹਾ ਕਿ ਮੈਂ ਹਾਊਸ ਅਲਾਟਮੈਂਟ ਨਾਲ ਸਬੰਧਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਲੰਡਰ 2020 ਵਾਲਿਊਮ IV ਦੇ ਪੰਨਾ 250-254 ਉਤੇ ਦਰਜ ਰੈਗੂਲੇਸ਼ਨਜ਼ (vii) ALLOTMENT OF RESIDENTIAL ACCOMMODATION ਅਤੇ ਸਮੇਂ-ਸਮੇਂ ਤੇ ਇਹਨਾਂ ਵਿਚ ਹੋਣ ਵਾਲੀਆਂ ਤਰਮੀਮਾਂ ਦੀ ਪਾਲਣ ਕਰਨ ਦੇ ਪਾਬੰਧ ਹੋਵਾਗਾ/ਹੋਵਾਗੀ।

________________

(ਸਬੰਧਤ ਅਧਿਆਪਕ/ਅਧਿਕਾਰੀ/ਕਰਮਚਾਰੀ ਦੇ ਹਸਤਾਖਰ)

ਮਿਤੀ ________________

ਨੋਟ: ਜਿਹੜੇ ਅਧਿਆਪਕ/ਅਧਿਕਾਰੀ/ਕਰਮਚਾਰੀ ਉਚੇਰੀ ਸ਼੍ਰੇਣੀ ਦੇ ਘਰਾਂ ਲਈ ਡੀਬਾਰ ਹੋ ਚੁਕੇ ਹਨ, ਉਹ ਆਪਣੀ ਸੀਨੀਆਰਤਾ ਸੂਚੀ ਵਿਚ ਨਾਮ ਦਰਜ਼ ਕਰਨ ਲਈ ਬੇਨਤੀ ਪੱਤਰ ਨਾ ਭੇਜਣ।

ਮੁਖੀ ਵਿਭਾਗ
(ਮੋਹਰ ਸਮੇਤ)